# BUDHA DAL PUBLIC SCHOOL PATIALA

## Final Examination (10 March 2026)

**Class - VIII**

**Paper - Punjabi**

**Set - B**

**MM: 80**

**Time: 3 hrs.**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

### ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਮਨੁੱਖੀ ਜੀਵਨ ਵਿੱਚ ਅਨੁਸ਼ਾਸਨ ਦਾ ਬਹੁਤ ਮਹੱਤਵ ਹੈ। ਅਨੁਸ਼ਾਸਨ ਦਾ ਭਾਵ ਨਿਯਮਾਂ ਦੀ ਪਾਲਣਾ ਜਾਂ ਨਿਯਮਾਂ ਦੀ ਪਾਬੰਦੀ ਨੂੰ ਨਿਭਾਉਣਾ ਹੈ। ਇਹ ਅਨੁਸ਼ਾਸਨ ਘਰ-ਪਰਿਵਾਰ ਤੋਂ ਹੀ ਸ਼ੁਰੂ ਹੁੰਦਾ ਹੈ। ਬੱਚੇ ਘਰ ਤੋਂ ਹੀ ਅਨੁਸ਼ਾਸਨ ਸਿੱਖਦੇ ਹਨ। ਸਕੂਲ ਵਿੱਚ ਪੜ੍ਹਦਿਆਂ ਵਿਦਿਆਰਥੀਆਂ ਨੂੰ ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਅਧਿਆਪਕਾਂ ਦਾ ਸਤਿਕਾਰ ਕਰਨਾ ਅਤੇ ਉਹਨਾਂ ਦੀ ਆਗਿਆ ਦਾ ਪਾਲਣ ਕਰਨਾ ਵੀ ਅਨੁਸ਼ਾਸਨ ਦਾ ਹੀ ਅੰਗ ਹੈ। ਖੇਡਾਂ ਵੀ ਸਾਨੂੰ ਅਨੁਸ਼ਾਸਨ ਸਿਖਾਉਂਦੀਆਂ ਹਨ। ਖਿਡਾਰੀਆਂ ਨੂੰ ਖੇਡ ਦੇ ਨਿਯਮਾਂ ਅਤੇ ਕਪਤਾਨ ਤੇ ਰੈਫ਼ਰੀ ਦੇ ਆਦੇਸ਼ ਦੀ ਪਾਲਣਾ ਕਰਨੀ ਪੈਂਦੀ ਹੈ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਜਦ ਅਸੀਂ ਕਿਸੇ ਨੌਕਰੀ 'ਤੇ ਲੱਗਦੇ ਹਾਂ ਤਾਂ ਉੱਥੇ ਵੀ ਸਾਨੂੰ ਅਨੁਸ਼ਾਸਨ ਵਿੱਚ ਰਹਿਣਾ ਪੈਂਦਾ ਹੈ। ਅਸੀਂ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਹੀ ਕੰਮ ਕਰਦੇ ਹਾਂ। ਇਸ ਤਰ੍ਹਾਂ ਜੀਵਨ ਦੇ ਹਰ ਖੇਤਰ ਵਿੱਚ ਅਨੁਸ਼ਾਸਨ ਦੀ ਲੋੜ ਹੁੰਦੀ ਹੈ। ਕੁਦਰਤ ਅਨੁਸ਼ਾਸਨ ਵਿੱਚ ਰਹਿਣ ਦੀ ਬਹੁਤ ਵੱਡੀ ਮਿਸਾਲ ਪੇਸ਼ ਕਰਦੀ ਹੈ। ਸਵੇਰੇ ਸੂਰਜ ਦਾ ਦਿਖਾਈ ਦੇਣਾ, ਦਿਨ-ਰਾਤ, ਰੁੱਤਾਂ ਦੀ ਤਬਦੀਲੀ ਸਭ ਅਨੁਸ਼ਾਸਨ ਦੀਆਂ ਹੀ ਉਦਾਹਰਨਾਂ ਹਨ। ਜੇਕਰ ਕੁਦਰਤ ਆਪਣਾ ਅਨੁਸ਼ਾਸਨ ਛੱਡ ਦੇਵੇ ਤਾਂ ਜੀਵਨ ਹੀ ਖ਼ਤਮ ਹੋ ਜਾਵੇ।

ੳ) ਅਨੁਸ਼ਾਸਨ ਤੋਂ ਕੀ ਭਾਵ ਹੈ?

ਅ) ਖੇਡਾਂ ਸਾਨੂੰ ਕੀ ਸਿਖਾਉਂਦੀਆਂ ਹਨ?

ੲ) ਅਨੁਸ਼ਾਸਨ ਕਿੱਥੋਂ ਸ਼ੁਰੂ ਹੁੰਦਾ ਹੈ?

ਸ) ਜੇਕਰ ਕੁਦਰਤ ਆਪਣਾ ਅਨੁਸ਼ਾਸਨ ਛੱਡ ਦੇਵੇ ਤਾਂ ਕੀ ਹੋਵੇਗਾ?

ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਨਣ ਕਰੋ। (4)



Scanned with OKEN Scanner

(½×4=2)

## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ:** (½×4=2)
ਗੁਆਂਢੀ, ਵਰ, ਘੁਮਿਆਰ, ਪ੍ਰਚਾਰਕ

2) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ:** (½×4=2)
ਭਾਸ਼ਾ, ਮੈਂ, ਅੰਗੀਠੀ, ਖ਼ਰਬੂਜਾ

3) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (1×2=2)
ਦਾਨਵ, ਨੇਕੀ, ਸਦਾਚਾਰ, ਆਕੜ

4) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਚੁ, ਅੰਤਰ

5) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਆਵਟ, ਨਾਮਾ

6) **ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:**
ਉਪਯੋਗੀ, ਲੋਭ (1×2=2)

7) **ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ:**
ੳ) ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ
ਅ) ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ

8) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (½×4=2)
ਬੌਹਗੁਣਾ, ਮਿੱਤ੍ਰ, ਮੇਹਰਬਾਨੀ, ਚੈਹਕ

9) **ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਦੇ ਅਰਥ ਲਿਖ ਕੇ ਦੋ-ਦੋ ਵਾਕ ਬਣਾਉ:** (2×2=4)
ਕਲੀ, ਵੱਟ

10) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**
ਚਿੱਕੜ ਵਿੱਚ ਕੰਵਲ ਹੋਣਾ, ਟਕੇ ਵਰਗਾ ਜਵਾਬ ਦੇਣਾ, ਡੁੱਬਦੀ ਬੇੜੀ ਪਾਰ ਲਾਉਣਾ, (1×4=4)
ਰਾਈ ਦਾ ਪਹਾੜ ਬਣਾਉਣਾ

11) **ਹੇਠ ਲਿਖੇ ਸ਼ਬਦਾਂ ਦੇ ਸਮਾਸੀ ਸ਼ਬਦ ਲਿਖੋ:** (1)
ਸ਼ਬਦਾਂ ਦੀ ਰਚਨਾ, ਭਰਮ ਅਤੇ ਭੁਲੇਖਾ

12) **ਹੇਠ ਲਿਖੇ ਵਾਕ ਵਿੱਚੋਂ ਵਿਸਮਿਕ ਸ਼ਬਦ ਚੁਣੋ ਤੇ ਉਸਦੀ ਕਿਸਮ ਵੀ ਲਿਖੋ:** (1)
ਸ਼ਾਬਾਸ਼ ! ਤੂੰ ਇਮਤਿਹਾਨ ਵਿੱਚ ਪਹਿਲਾ ਦਰਜਾ ਹਾਸਲ ਕੀਤਾ।

13) **ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (1)
ਕਿਸਾਨ ਖੇਤ ਵਿੱਚ ਫ਼ਸਲ ਉਗਾਉਂਦਾ ਹੈ।

14) **ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ:** (1)
ਅਧਿਆਪਕ ਨੇ ਕਿਹਾ ਜੇ ਤੁਸੀਂ ਮਿਹਨਤ ਕਰੋਗੇ ਤਾਂ ਜ਼ਰੂਰ ਕਾਮਯਾਬ ਹੋ ਜਾਵੋਗੇ

B - 2

Scanned with OKEN Scanner

## ਪਾਠ ਪੁਸਤਕ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** **(6×1=6)**

ੳ) ਲਫੇੜੇ ਕਿਸ ਤੋਂ ਪੈਂਦੇ ਹਨ?
ਅ) ਮੁਨਸ਼ੀ ਦੇ ਪੈਰਾਂ ਵਿੱਚ ਡਿੱਗ ਕੇ ਜਗਤੂ ਨੇ ਕਿੰਨੇ ਦਿਨ ਦੀ ਛੁੱਟੀ ਮੰਗੀ ਸੀ?
ੲ) ਮੁਸਲਮਾਨਾਂ ਨੇ ਤਾਜ਼ੀਆ ਕਦੋਂ ਕੱਢਿਆ ਸੀ?
ਸ) 'ਦਲੇਰ ਕੁੜੀ' ਕਵਿਤਾ ਦੀ ਕਹਾਣੀ ਵਿਚਲੀ ਘਟਨਾ ਕਿਸ ਰੁੱਤ ਵਿੱਚ ਵਾਪਰੀ?
ਹ) ਦਾਦੇ ਨੂੰ ਸ਼ਹਿਰ ਦੇ ਹੋਟਲਾਂ ਦਾ ਖਾਣਾ ਕਿਹੋ ਜਿਹਾ ਲੱਗਦਾ ਸੀ?
ਕ) ਪੇਂਡੂ ਸੱਭਿਅਤਾ ਦਾ ਅਜਾਇਬ ਘਰ ਕਿੱਥੇ ਸਥਿਤ ਹੈ?
ਖ) ਦੀਪੋ ਦੀ ਦਾਦੀ ਮੁੰਡੇ ਨੂੰ ਕਿੰਨੇ ਰੁਪਏ ਦੇ ਕੇ ਗਈ ਸੀ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 – 6 ਸਤਰਾਂ ਵਿੱਚ ਦਿਉ: (ਕੋਈ ਛੇ)** **(6×2=12)**

ੳ) ਬੱਚਿਆਂ ਦੇ ਬਚਪਨ ਦੇ ਦਿਨ ਕਿਹੋ ਜਿਹੇ ਹੁੰਦੇ ਹਨ?
ਅ) ਜਗਤੂ ਨੇ ਕਣਕ ਪ੍ਰਾਪਤ ਕਰਨ ਲਈ ਕਿਹੜਾ ਰਾਹ ਚੁਣਿਆ ਤੇ ਉਸ ਨੇ ਕੀ ਕੀਤਾ?
ੲ) ਡੋਗਰਿਆਂ ਪ੍ਰਤੀ ਅਕਾਲੀ ਫੂਲਾ ਸਿੰਘ ਦਾ ਰਵੱਈਆ ਕਿਹੋ ਜਿਹਾ ਸੀ?
ਸ) ਕੁੜੀ ਹਰ ਵੇਲੇ ਕੀ ਕਰਦੀ ਰਹਿੰਦੀ ਸੀ?
ਹ) ਚਿੱਤਰਕਾਰ ਨੇ ਆਪਣਾ ਹੁਨਰ ਕਿਸ ਨੂੰ ਸਿਖਾਇਆ ਤੇ ਕਿਵੇਂ?
ਕ) ਵਧਾਣ ਕਿਸ ਨੂੰ ਕਿਹਾ ਜਾਂਦਾ ਹੈ?
ਖ) ਰੁਲਦੇ ਦੇ ਪਾਤਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਦੱਸੋ।

**3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** **(4×1=4)**

ਬਹੁਗਿਣਤੀ, ਮਨ-ਪ੍ਰਚਾਵਾ, ਇਕਾਂਤ, ਸਬਰ

**4) ਹੇਠ ਲਿਖੇ ਕਾਵਿ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** **(3×1=3)**

ਅੰਦਰਲੇ ਕਮਰੇ ਦਾ ਜਦ ਉਹ, ਬੂਹਾ ਖੋਲ੍ਹਣ ਲੱਗਾ,
ਦਰਵਾਜ਼ੇ ਨੂੰ ਢੋਅ ਕੇ ਸੀ, ਸੰਦੂਕ ਫਰੋਲਣ ਲੱਗਾ,
ਉਸ ਕੁੜੀ ਨੇ, ਚੋਰ ਨੂੰ ਫੜ੍ਹਨ ਦੀ ਵਿਉਂਤ ਬਣਾਈ,
ਕੋਠੇ ਉੱਤੋਂ ਚੁੱਪ-ਚਾਪ ਉਹ ਥੱਲੇ ਉਤਰ ਆਈ।

ੳ) ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।
ਅ) ਚੋਰ ਦਰਵਾਜ਼ੇ ਨੂੰ ਢੋਅ ਕੇ ਕੀ ਫਰੋਲਣ ਲੱਗਾ?
ੲ) 'ਵਿਉਂਤ' ਸ਼ਬਦ ਦਾ ਕੀ ਅਰਥ ਹੈ?



Scanned with OKEN Scanner

5) **ਹੇਠ ਲਿਖੇ ਵਾਰਤਾਲਾਪ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** (3×1=3)

"ਮੇਰੀ ਪਤਨੀ ਸਿਰਫ਼ ਮੇਰੀ ਸੀ, ਮੇਰਾ ਪੁੱਤਰ ਸਿਰਫ਼ ਮੇਰਾ ਸੀ। ਪਰ ਮੇਰੇ ਅੰਦਰ ਜਿਹੜਾ ਚਿੱਤਰਕਾਰ ਸੀ ਉਹ ਲੋਕਾਂ ਦਾ ਸੀ। ਮੈਂ ਉਸ ਨੂੰ ਮਰਦੇ ਨਹੀਂ ਦੇਖ ਸਕਦਾ ਸੀ। ਮੈਂ ਤੈਨੂੰ (ਲੁਟੇਰੇ) ਅਵਾਜ਼ ਮਾਰੀ, ਤੂੰ ਆ ਗਿਆ। ਮੈਂ ਤੇਰੇ ਉੱਤੇ ਵਿਸ਼ਵਾਸ ਕੀਤਾ। ਤੂੰ ਮੇਰੇ ਨਾਲ ਵਿਸ਼ਵਾਸਘਾਤ ਨਹੀਂ ਕੀਤਾ। ਇਸ ਲਈ ਮੈਂ ਆਪਣੇ ਹੁਨਰ ਦੀ ਸਾਰੀ ਦੌਲਤ ਤੇਰੀ ਝੋਲੀ ਪਾ ਦਿੱਤੀ।"

ੳ) ਉਪਰੋਕਤ ਵਾਰਤਾਲਾਪ ਦੀਆਂ ਸਤਰਾਂ ਕਿਸ ਪਾਠ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਲੇਖਕ ਦਾ ਨਾਂ ਕੀ ਹੈ?

ਅ) ਉਪਰੋਕਤ ਸ਼ਬਦ ਕਿਸ ਨੇ ਕਿਸ ਨੂੰ ਕਹੇ?

ੲ) ਚਿੱਤਰਕਾਰ ਨੇ ਆਪਣੇ ਹੁਨਰ ਦੀ ਸਾਰੀ ਦੌਲਤ ਕਿਸਦੀ ਝੋਲੀ ਪਾ ਦਿੱਤੀ?

## ਲਿਖਣ-ਕੌਸ਼ਲ

1) **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਪ੍ਰਦੂਸ਼ਣ ਦੀ ਸਮੱਸਿਆ**

ਨੁਕਤੇ -

ਜਾਣ-ਪਛਾਣ, ਪ੍ਰਦੂਸ਼ਣ ਕੇ ਕਾਰਨ, ਪ੍ਰਦੂਸ਼ਣ ਦੀਆਂ ਕਿਸਮਾਂ, ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਧੁਨੀ ਪ੍ਰਦੂਸ਼ਣ, ਸਾਰੰਸ਼।

**ਜਾਂ**

**ਸਮੇਂ ਦੀ ਕਦਰ**

ਨੁਕਤੇ -

ਜਾਣ-ਪਛਾਣ, ਪ੍ਰਕਿਰਤੀ ਸਮੇਂ ਦੀ ਪਾਬੰਦ, ਬੀਤਿਆਂ ਸਮਾਂ ਹੱਥ ਨਹੀਂ ਆਉਂਦਾ, ਪੱਛਮੀ ਦੇਸ਼ਾਂ ਵਿੱਚ ਸਮੇਂ ਦੀ ਕਦਰ, ਹਰ ਕੰਮ ਸਮੇਂ ਸਿਰ ਕਰੋ, ਸਮਾਂ ਅਜਾਈਂ ਗਵਾਉਣ ਦੇ ਨੁਕਸਾਨ, ਜੀਵਨ ਦਾ ਨਿਸ਼ਚਿਤ ਸਮਾਂ, ਸਾਰੰਸ਼।

2) **ਕੋਈ ਇੱਕ ਪੱਤਰ ਲਿਖੋ।** (7)

ਤੁਹਾਡੇ ਇਲਾਕੇ ਵਿੱਚ ਬਿਜਲੀ ਲਗਾਤਾਰ ਕਈ-ਕਈ ਘੰਟੇ ਨਹੀਂ ਆਉਂਦੀ। ਆਪਣੇ ਇਲਾਕੇ ਦੇ ਬਿਜਲੀ ਦਫ਼ਤਰ ਨੂੰ ਇਸ ਦੀ ਸੂਚਨਾ ਦਿੰਦੇ ਹੋਏ ਹੱਲ ਕੱਢਣ ਲਈ ਪੱਤਰ ਲਿਖੋ।

**ਜਾਂ**

ਆਪਣੀ ਵੱਡੀ ਭੈਣ ਨੂੰ ਪੱਤਰ ਲਿਖ ਕੇ ਆਪਣੀ ਧਾਰਮਿਕ ਸਥਾਨ ਦੀ ਯਾਤਰਾ ਦਾ ਹਾਲ ਦੱਸੋ।



Scanned with OKEN Scanner